# **BUDHA DAL PUBLIC SCHOOL, PATIALA**

**FINAL EXAMINATION (12 March 2025)**

**Class - IV**

**Punjabi (Set - A)**

**Time: 3 hrs.** **MM: 80**

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਅਵਾਜ਼, ਪ੍ਰਾਹੁਣੇ, ਸਮਝ, ਆਸਰਾ

**ਪ੍ਰ2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:** (5)

ਸਕੂਲ, ਧਰਤੀ, ਤਾਰੇ, ਮੀਂਹ, ਮਸ਼ੀਨ

**ਪ੍ਰ3. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (4)

**(ਚੰਨ, ਫ਼ੌਜ, ਤੋਤੇ, ਛੇਵੀਂ)**

1. ਪ੍ਰੀਤੀ ਦੇ ਦਾਦਾ ਜੀ ................ ਵਿੱਚੋਂ ਰਿਟਾਇਰ ਹੋਏ ਸਨ।
2. ਚੁੰਨੂ ਅਤੇ ਮੁੰਨੂ ਫਲੈਟ ਦੀ ............... ਮੰਜ਼ਿਲ ਤੇ ਰਹਿੰਦੇ ਸਨ।
3. ਹਰਮਨ ਨੂੰ .................. ਬਹੁਤ ਚੰਗੇ ਲੱਗਦੇ ਸਨ।
4. ਬੱਚੇ ................. ਤੇ ਜਾਣਾ ਚਾਹੁੰਦੇ ਸਨ।

**ਪ੍ਰ4. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ।** (4)

1. ਪ੍ਰੀਤੀ ਸਭ ਦਾ ਆਦਰ ਕਰਦੀ ਸੀ।
2. ਚੰਦ ਦੇ ਉੱਪਰ ਜਾਣ ਵਾਲਿਆਂ ਨੂੰ ਆਮ ਕੱਪੜੇ ਪਾਉਣੇ ਪੈਂਦੇ ਹਨ।
3. ਪ੍ਰੀਤੀ ਦਾਦਾ ਜੀ ਦੇ ਦੋਸਤ ਨੂੰ ਦਾਦਾ ਜੀ ਦੇ ਕਮਰੇ ਵਿੱਚ ਲੈ ਗਈ।
4. ਬਿੱਲੀ ਦੇ ਦੋ ਬਲੂੰਗੜੇ ਸਨ।

**ਪ੍ਰ5. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਨੂੰ ( ) ਕਰੋ।** (5)

1. ਚੰਦਰਯਾਨ ਕੀ ਹੈ?

   ੳ) ਕਿਸ਼ਤੀ    ਅ) ਜਹਾਜ਼    ੲ) ਰਾਕੇਟ
2. ਚੰਦਰਯਾਨ ਕਿਸ ਦੇਸ਼ ਨੇ ਚੰਦਰਮਾ ਤੇ ਭੇਜਿਆ?

   ੳ) ਅਮਰੀਕਾ    ਅ) ਚੀਨ    ੲ) ਭਾਰਤ
3. ਮੰਮੀ ਹਰਮਨ ਨੂੰ ਕੀ ਲਿਆ ਕੇ ਦੇਣ ਲਈ ਸਹਿਮਤ ਹੋ ਗਏ?

   ੳ) ਕਬੂਤਰ    ਅ) ਕਤੂਰਾ    ੲ) ਤੋਤਾ
4. ਪ੍ਰੀਤੀ ਦੇ ਦਾਦਾ ਜੀ ਦੇ ਦੋਸਤ ਕੀ ਸਨ?

   ੳ) ਅਧਿਆਪਕ    ਅ) ਕਿਸਾਨ    ੲ) ਫ਼ੌਜੀ

5. ਬਿੱਲੀ ਕਿਸ ਤੋਂ ਬਚਣ ਲਈ ਖਿੜਕੀ ਦੇ ਨੇੜੇ ਆ ਗਈ ਸੀ?

ੳ) ਧੁੱਪ ਅ) ਮੀਂਹ ੲ) ਧੁੰਦ

**ਪ੍ਰ7. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (3)

ਸ਼ੇਰ, ਖਿਡਾਰੀ, ਫ਼ਕੀਰ, ਸਰਦਾਰ, ਵਰ, ਸ਼ਹਿਰੀ

**ਪ੍ਰ8. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (3)

ਪੁਸਤਕ, ਸੜਕ, ਰੱਸੀ, ਸੋਟੀ, ਫੁੱਲ, ਟਮਾਟਰ

**ਪ੍ਰ9. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (3)

ਅਸਲੀ, ਨੇੜੇ ਗੁਰੂ, ਆਸਤਕ, ਚੋਰ, ਪੱਕਾ

**ਪ੍ਰ10. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (3)

ਐਕਾ, ਜੀਬ, ਬਰਖਾ, ਆਯਾ, ਅਕੱਠ, ਚਾਲਾਕ

**ਪ੍ਰ11. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (5)

1. ਲੇਖ ਲਿਖਣ ਵਾਲਾ –
2. ਜਦੋਂ ਮੀਂਹ ਨਾ ਪਵੇ –
3. ਜੋ ਰੱਬ ਨੂੰ ਮੰਨਦਾ ਹੋਵੇ –
4. ਪਿੰਡ ਦੀ ਸਾਂਝੀ ਜ਼ਮੀਨ –
5. ਜੋ ਕਦੇ ਨਾ ਮਰੇ –

**ਪ੍ਰ12. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਨੂੰ (   ) ਕਰੋ।** (4)

1. ਪੜਨਾਂਵ ਕਿਸ ਦੀ ਥਾਂ ਤੇ ਵਰਤੇ ਜਾਂਦੇ ਹਨ?

   ੳ) ਵਿਸ਼ੇਸ਼ਣ ਅ) ਨਾਂਵ ੲ) ਵਾਕ

2. ਮੈਂ, ਅਸੀਂ, ਤੁਸੀਂ ਕਿਹੜੇ ਸ਼ਬਦ ਹਨ?

   ੳ) ਨਾਂਵ ਅ) ਯੋਜਕ ੲ) ਪੜਨਾਂਵ

3. ਬੱਚਿਓ ............. ਵਿੱਚ ਸਦਾ ਪਿਆਰ ਨਾਲ ਰਹੋ। (ਆਪਸ/ ਕਿਹੜਾ)
4. ਪੜਨਾਂਵ ................ ਪ੍ਰਕਾਰ ਦੇ ਹੁੰਦੇ ਹਨ। (ਦੋ / ਛੇ)

   ੳ) ਅਧਿਆਪਕ ਅ) ਕਿਸਾਨ ੲ) ਫ਼ੌਜੀ

**ਪ੍ਰ13. ਆਮ ਜਾਣਕਾਰੀ ਵਾਲੇ ਪ੍ਰਸ਼ਨ/ਉੱਤਰ:** (5)

1. ਪੰਜਾਹ ਦਾ 'ਉੱਡਣਾ ਸਿੱਖ' ਕਿਸ ਨੂੰ ਕਹਿੰਦੇ ਹਨ?
2. ਮਸਾਲਿਆਂ ਦੀ ਰਾਣੀ ਕਿਸ ਨੂੰ ਕਿਹਾ ਜਾਂਦਾ ਹੈ?

3. ਸਭ ਤੋਂ ਵੱਧ ਅਬਾਦੀ ਵਾਲਾ ਰਾਜ ਕਿਹੜਾ ਹੈ?

4. ਸਿੱਖ ਧਰਮ ਦੇ ਮੋਢੀ ਕੌਣ ਸਨ?

5. ਪੰਜਾਬ ਦੇ ਪ੍ਰਸਿੱਧ ਲੋਕ ਨਾਚ ਕਿਹੜੇ ਹਨ?

**ਪ੍ਰ14. ਹੇਠ ਲਿਖੇ ਸ਼ਬਦਾਂ ਵਿੱਚੋਂ ਸਾਰਥਕ ਅਤੇ ਨਿਰਾਰਥਕ ਸ਼ਬਦ ਵੱਖ-ਵੱਖ ਕਰਕੇ ਲਿਖੋ:** (3)

ਚਮਚਾ, ਚੁਰਖਾ, ਰਾਣੀ, ਸਕੂਲ, ਸੜਕ, ਗੁਮਲਾ

**ਪ੍ਰ15. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (8)

1. ਦਾਦਾ ਜੀ ਨੂੰ ਕੌਣ ਮਿਲਣ ਆਇਆ ਸੀ? ਪ੍ਰੀਤੀ ਦਾ ਸੁਭਾਅ ਕਿਹੋ ਜਿਹਾ ਸੀ?

2. ਸਕਰੀਨ ਤੇ ਧਰਤੀ ਕਿਵੇਂ ਨਜ਼ਰ ਆ ਰਹੀ ਸੀ? ਚੰਦਰਮਾ ਤੇ ਜਗ੍ਹਾਂ ਕਿਹੋ ਜਿਹੀ ਹੁੰਦੀ ਹੈ?

3. ਕਮਰੇ ਵਿੱਚ ਆ ਕੇ ਹਰਮਨ ਨੇ ਕੀ ਦੇਖਿਆ?

4. ਬਿੱਲੀ ਦੀ ਅਵਾਜ਼ ਕਿਹੋ ਜਿਹੀ ਸੀ? ਬਿੱਲੀ ਕਮਰੇ ਵਿੱਚ ਕੀ ਲੱਭ ਰਹੀ ਸੀ?

**ਪ੍ਰ16. ਅਣਡਿੱਠਾ ਪੈਰਾ** (4)

**ੳ)** ਖੇਡਾਂ ਸਰੀਰਕ ਕਸਰਤ ਦੇ ਨਾਲ-ਨਾਲ ਮਨ-ਪ੍ਰਚਾਵੇ ਦਾ ਵੀ ਇੱਕ ਵਧੀਆ ਸਾਧਨ ਹੈ। ਖੇਡਾਂ ਖੇਡਦੇ ਬੱਚੇ ਖੁੱਲ੍ਹ ਕੇ ਹੱਸਦੇ ਹਨ, ਜਿਸ ਨਾਲ ਉਨ੍ਹਾਂ ਦੇ ਮਨ ਵਿੱਚ ਚਾਅ ਪੈਦਾ ਹੁੰਦਾ ਹੈ। ਇਹ ਖੇਡਾਂ ਸਰੀਰ ਰੂਪੀ ਮਸ਼ੀਨ ਲਈ ਤੇਲ ਦਾ ਕੰਮ ਕਰਦੀਆਂ ਹਨ। ਖਿੜਿਆ ਹੋਇਆ ਮਨ ਅਤੇ ਅਰੋਗ ਸਰੀਰ ਆਲ਼ੇ-ਦੁਆਲ਼ੇ ਨੂੰ ਵੀ ਤਰੋ-ਤਾਜ਼ਾ ਕਰ ਦਿੰਦੇ ਹਨ। ਖੇਡਾਂ ਖੇਡਣ ਵਾਲੇ ਬੱਚਿਆਂ ਦਾ ਵਿਹਾਰ ਬਾਕੀ ਬੱਚਿਆਂ ਨਾਲੋਂ ਵੱਖਰਾ ਹੀ ਹੁੰਦਾ ਹੈ। ਚੰਗੇ ਖਿਡਾਰੀਆਂ ਨੂੰ ਵਿਸ਼ਵ ਪੱਧਰ ਦੀ ਪ੍ਰਸਿੱਧੀ ਮਿਲਦੀ ਹੈ। ਬੱਚਿਆਂ ਨੂੰ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਅਤੇ ਸਰੀਰ ਨੂੰ ਅਰੋਗ ਤੇ ਤਾਕਤਵਰ ਬਣਾਉਣਾ ਚਾਹੀਦਾ ਹੈ। ਜਿਸ ਦੇਸ਼ ਦੇ ਨਾਗਰਿਕ ਤੰਦਰੁਸਤ
ਹੋਣਗੇ, ਉਹ ਵਿਸ਼ਵ ਪੱਧਰ ਤੇ ਤਰੱਕੀ ਕਰੇਗਾ।

1. ਖੇਡਾਂ ਸਰੀਰਕ ਕਸਰਤ ਦੇ ਨਾਲ-ਨਾਲ ਕਾਹਦਾ ਵਧੀਆ ਸਾਧਨ ਹਨ?
2. ਖੇਡਾਂ ਸਰੀਰ ਰੂਪੀ ਮਸ਼ੀਨ ਲਈ ਕੀ ਕੰਮ ਕਰਦੀਆਂ ਹਨ?
3. ਬੱਚੇ ਕਦੋਂ ਖੁੱਲ੍ਹ ਕੇ ਹੱਸਦੇ ਹਨ?
4. ਕਿਹੜੇ ਖਿਡਾਰੀ ਵਿਸ਼ਵ ਪੱਧਰ ਪ੍ਰਸਿੱਧੀ ਹਾਸਲ ਕਦੇ ਹਨ?
5. ਬੱਚਿਆਂ ਨੂੰ ਸਰੀਰ ਨੂੰ ਅਰੋਗ ਤੇ ਤਾਕਤਵਰ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ?

**ਅ)** ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਇਸ ਯੁੱਗ ਵਿੱਚ ਵਿਗਿਆਨ ਨੇ ਦੁਨੀਆ ਦਾ ਚਿਹਰਾ-ਮੁਹਰਾ ਹੀ ਬਦਲ ਕੇ ਰੱਖ ਦਿੱਤਾ ਹੈ। ਬਿਜਲੀ ਵਿਗਿਆਨ ਦੀ ਮਹੱਤਵਪੂਰਨ ਖੋਜ ਹੈ। ਇਸ ਨੇ ਹਨੇਰੇ ਘਰਾਂ ਨੂੰ ਰੋਸ਼ਨ ਕੀਤਾ ਹੈ। ਇਸ ਨਾਲ਼ ਚੱਲ ਕੇ ਪੱਖੇ, ਏ.ਸੀ. ਸਾਡੇ ਗਰਮ ਘਰਾਂ ਨੂੰ ਠੰਢੇ ਕਰਦੇ ਹਨ। ਹੀਟਰ ਸਰਦੀਆਂ ਵਿੱਚ ਸਾਡੇ ਘਰਾਂ ਨੂੰ ਨਿੱਘਾ ਕਰਦੇ ਹਨ। ਵੱਡੇ-ਵੱਡੇ ਕਾਰਖ਼ਾਨੇ ਬਿਜਲੀ ਦੀ ਸਹਾਇਤਾ ਨਾਲ਼ ਚੱਲਦੇ ਹਨ। ਘਰਾਂ ਵਿੱਚ ਬਿਜਲੀ ਦੀ ਵਰਤੋਂ ਨਾਲ਼ ਹੀ ਸਾਰੇ ਕੰਮ ਹੋਣ ਲੱਗ ਪਏ ਹਨ।

1. ਅੱਜ ਦਾ ਯੁੱਗ ਕਿਹੜਾ ਯੁੱਗ ਅਖਵਾਉਂਦਾ ਹੈ?

ੳ) ਟੈਲੀਵਿਜ਼ਨ ਅ) ਵਿਗਿਆਨ ਦਾ ੲ) ਰੇਡੀਓ ਦਾ

2. ਵਿਗਿਆਨ ਦੀ ਸਭ ਤੋਂ ਮਹੱਤਵਪੂਰਨ ਖੋਜ ਕਿਹੜੀ ਹੈ?

ੳ) ਪੱਖੇ ਅ) ਟੀ.ਵੀ. ੲ) ਬਿਜਲੀ

3. ਕਿਹੜੀ ਚੀਜ਼ ਸਰਦੀਆਂ ਵਿੱਚ ਸਾਡੇ ਘਰਾਂ ਨੂੰ ਗਰਮ ਕਰਦੀ ਹੈ?

ੳ) ਹੀਟਰ ਅ) ਏ.ਸੀ. ੲ) ਕੂਲਰ

4. ਵੱਡੇ-ਵੱਡੇ ਕਾਰਖ਼ਾਨੇ ਕਿਸ ਦੀ ਸਹਾਇਤਾ ਨਾਲ ਚਲਦੇ ਹਨ?

ੳ) ਪਾਣੀ ਦੀ ਸਹਾਇਤਾ ਅ) ਬਿਜਲੀ ਦੀ ਸਹਾਇਤਾ ੲ) ਲੋਕਾਂ ਦੀ ਸਹਾਇਤਾ

**ਪ੍ਰ17. ਹੇਠਾਂ ਲਿਖੇ ਬਿਨੈ-ਪੱਤਰਾਂ ਵਿੱਚੋਂ ਕੋਈ ਇੱਕ ਬਿਨੈ-ਪੱਤਰ ਲਿਖੋ :** (6)

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

**ਪ੍ਰ17. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕੋਈ ਇੱਕ ਲੇਖ ਲਿਖੋ:** (7)

**ਦੀਵਾਲੀ**

ਨੁਕਤੇ: ਤਿਉਹਾਰਾਂ, ਅਯੁੱਧਿਆ, ਮਠਿਆਈਆਂ, ਮੋਮਬੱਤੀਆਂ, ਅੰਮ੍ਰਿਤਸਰ, ਤੋਹਫ਼ੇ, ਬਜ਼ਾਰ

**ਜਾਂ**

**ਸਵੇਰ ਦੀ ਸੈਰ**

ਨੁਕਤੇ: ਸੂਰਜ, ਨਜ਼ਾਰਾ, ਬਿਮਾਰੀਆਂ, ਪੰਛੀਆਂ, ਮੋਟਰਾਂ-ਗੱਡੀਆਂ, ਅਰੋਗ, ਗੁਣਕਾਰੀ